# बोल काँवां बोल मेरे राम कदों आएंगे / **ਬੋਲ ਕਾਂਵਾਂ ਬੋਲ ਮੇਰੇ ਰਾਮ ਕਦੋਂ ਆਣਗੇ**

ਬੋਲ ਕਾਂਵਾਂ ਬੋਲ ਮੇਰੇ ਰਾਮ ਕਦੋਂ ਆਣਗੇ

ਬੋਲ, ਕਾਂਵਾਂ ਬੋਲ, ਮੇਰੇ ਰਾਮ ਕਦੋਂ ਆਣਗੇ ॥
ਓ ਰਾਮ, ਕਦੋਂ ਆਣਗੇ ਜੀ, ਰਾਮ ਕਦੋਂ ਆਣਗੇ ॥
ਬੋਲ, ਕਾਂਵਾਂ ਬੋਲ, ਮੇਰੇ ਰਾਮ ਕਦੋਂ ਆਣਗੇ ।
ਓ ਭੀਲਣੀ, ਹਾਕਾਂ ਮਾਰੇ, ਮੇਰੇ ਰਾਮ ਕਦੋਂ ਆਣਗੇ ।
ਬੋਲ, ਕਾਂਵਾਂ ਬੋਲ, ਮੇਰੇ ਰਾਮ ਕਦੋਂ...

ਚੁਣ ਚੁਣ, ਕਲੀਆਂ ਮੈਂ, ਹਾਰ ਬਣਾਂਦੀ ਆਂ ।
ਆਪਣੇ, ਰਾਮ ਜੀ ਦੇ, ਗਲ਼ ਵਿੱਚ ਪਾਂਦੀ ਆਂ ॥
ਓ ਸੁੱਤੇ ਹੋਏ, ਭਾਗ ਮੇਰੇ, ਰਾਮ ਜੀ ਜਗਾਣਗੇ ।
ਬੋਲ, ਕਾਂਵਾਂ ਬੋਲ, ਮੇਰੇ ਰਾਮ ਕਦੋਂ...

ਘਿਸ ਘਿਸ, ਚੰਦਨ ਮੈਂ, ਤਿਲਕ ਬਣਾਂਦੀ ਆਂ ।
ਆਪਣੇ, ਰਾਮ ਜੀ ਦੇ, ਮੱਥੇ ਉੱਤੇ ਲਾਉਂਦੀ ਆਂ ॥
ਓ ਅੱਖੀਆਂ, ਵਿਛਾਵਾਂ ਜਿੱਥੇ, ਚਰਨ ਓਹ ਟਿਕਾਣਗੇ ।
ਬੋਲ, ਕਾਂਵਾਂ ਬੋਲ, ਮੇਰੇ ਰਾਮ ਕਦੋਂ...

ਮਿੱਠੇ ਮਿੱਠੇ, ਬੇਰ ਭੀਲਣੀ, ਤੋੜ ਕੇ ਲਿਆਂਦੀ ਏ ।
ਰਾਮ ਲਈ, ਚੁੱਕ ਚੁੱਕ, ਟੋਕਰੀ ਸਜਾਂਦੀ ਏ ॥
ਓ ਰਾਮ ਮੇਰੇ, ਆਣਗੇ ਤਾਂ, ਮਿੱਠੇ ਬੇਰ ਖਾਣਗੇ ।
ਬੋਲ, ਕਾਂਵਾਂ ਬੋਲ, ਮੇਰੇ ਰਾਮ ਕਦੋਂ...

ਆਏ, ਨਹੀਂ ਰਾਮ, ਲਗਾਈ ਕਾਹਨੂੰ ਦੇਰ ਏ ।
ਓ ਚੁਣ ਚੁਣ, ਕਾਂਵਾਂ ਮੈਂ ਤਾਂ, ਰੱਖੇ ਮਿੱਠੇ ਬੇਰ ਨੇ ॥
ਓ ਰਾਮ, ਜਦ ਆਣਗੇ ਤਾਂ, ਦਰਸ਼ ਦਿਖਾਣਗੇ ।
ਬੋਲ, ਕਾਂਵਾਂ ਬੋਲ, ਮੇਰੇ ਰਾਮ ਕਦੋਂ...
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/36405/title/bol-kaanvan-bol-mere-ram-kado-aange

अपने Android मोबाइल पर BhajanGanga App डाउनलोड करें और भजनों का आनंद ले |